

# ਪ੍ਰੋਸਟੇਟ ਕੈਂਸਰ ਲਈ ਜੇਨੋਮਿਕ ਡਾਇਗਨੌਸਟਿਕ ਟੈੱਸਟਿੰਗ

Urology Care FOUNDATION™
*The Official Foundation of the American Urological Association*

## ਪ੍ਰੋਸਟੇਟ ਕੈਂਸਰ ਕੀ ਹੁੰਦਾ ਹੈ ਅਤੇ ਇਹ ਕਿੰਨਾ ਕੁ ਆਮ ਹੈ?

ਪ੍ਰੋਸਟੇਟ ਕੈਂਸਰ ਪ੍ਰੋਸਟੇਟ ਗਲੈਂਡ(ਗਦੂਦ) ਵਿੱਚ ਅਸਧਾਰਨ ਵਾਧਾ ਹੁੰਦਾ ਹੈ। ਤੁਹਾਡਾ ਪ੍ਰੋਸਟੇਟ ਗਲੈਂਡ ਇੱਕ ਅਖਰੋਟ ਦੇ ਅਕਾਰ ਦਾ ਹੁੰਦਾ ਹੈ ਅਤੇ ਬਲੈਡਰ ਦੇ ਐਨ ਹੇਠਾਂ ਗੁਦਾ ਤੋਂ ਪਹਿਲਾਂ ਸਥਿਤ ਹੁੰਦਾ ਹੈ ਅਤੇ ਇਹ ਮਰਦ ਜਣਨ ਪ੍ਰਣਾਲੀ ਦਾ ਅੰਗ ਹੁੰਦਾ ਹੈ। ਇਹ ਵੀਰਜ ਲਈ ਤਰਲ ਪੈਦਾ ਕਰਦਾ ਹੈ। ਪ੍ਰੋਸਟੇਟ ਦਾ ਵਾਧਾ ਮਾਮੂਲੀ(ਕੈਂਸਰ ਨਹੀਂ) ਜਾਂ ਘਾਤਕ(ਕੈਂਸਰ) ਹੋ ਸਕਦਾ ਹੈ।

ਪ੍ਰੋਸਟੇਟ ਕੈਂਸਰ ਅੱਜਕੱਲ੍ਹ ਯੂ.ਐੱਸ. ਵਿੱਚ ਮਰਦਾਂ ਵਿੱਚ ਕੈਂਸਰ ਦੀ ਪ੍ਰਮੁੱਖ ਕਿਸਮ ਹੈ। ਇਹ ਕੈਂਸਰ ਵੱਡੀ ਉਮਰ ਦੇ ਅਤੇ ਅਫਰੀਕੀ ਅਮਰੀਕੀ ਮਰਦਾਂ ਵਿੱਚ ਜ਼ਿਆਦਾ ਆਮ ਹੈ। ਅਫਰੀਕੀ ਅਮਰੀਕੀ ਵੀ ਛੋਟੀ ਉਮਰ ਵਿੱਚ ਹੀ ਇਸ ਕੈਂਸਰ ਦੇ ਸ਼ਿਕਾਰ ਹੋ ਸਕਦੇ ਹਨ ਅਤੇ ਇਹ ਹੋਰ ਜ਼ਿਆਦਾ ਮਾਰੂ(ਬਹੁਤ ਤੇਜ਼ੀ ਨਾਲ ਬਦਤਰ ਹੋ ਜਾਂਦਾ ਹੈ) ਹੋ ਸਕਦਾ ਹੈ। ਜੇਕਰ ਇਸ ਕੈਂਸਰ ਦਾ ਤੁਹਾਡਾ ਕੋਈ ਪਰਿਵਾਰਕ ਪਿਛੋਕੜ ਹੈ ਤਾਂ ਤੁਹਾਨੂੰ ਇਹ ਬਿਮਾਰੀ ਹੋਣ ਦੀ ਸੰਭਾਵਨਾ ਜ਼ਿਆਦਾ ਹੈ।

ਜੇਕਰ ਤੁਹਾਡਾ ਡਾਕਟਰ ਤੁਹਾਨੂੰ ਦੱਸਦਾ ਹੈ ਕਿ ਤੁਹਾਨੂੰ ਪ੍ਰੋਸਟੇਟ ਕੈਂਸਰ ਹੈ, ਤਾਂ ਘਬਰਾਉ ਨਾ ਕਿਉਂਕਿ ਇਹ ਬਹੁਤੀ ਬੁਰੀ ਖਬਰ ਵੀ ਨਹੀਂ ਹੈ। ਜ਼ਿਆਦਾਤਰ ਮਰਦਾਂ, ਜਿਨ੍ਹਾਂ ਵਿੱਚ ਪ੍ਰੋਸਟੇਟ ਕੈਂਸਰ ਪਾਇਆ ਜਾਂਦਾ ਹੈ, ਬਹੁਤ ਸਾਲ ਜਿਉਂਦੇ ਹਨ ਅਤੇ ਹੋਰ ਕਾਰਨਾਂ ਕਰਕੇ ਮਰਦੇ ਹਨ। ਖਾਸ ਗੱਲ ਇਹ ਹੈ ਕਿ ਕੀ ਕੈਂਸਰ ਨੂੰ ਇਸਦੇ ਫੈਲਣ ਤੋਂ ਪਹਿਲਾਂ ਹੀ ਲੱਭ ਲਿਆ ਜਾਂਦਾ ਹੈ। ਅਸਲ ਵਿੱਚ, 100 ਵਿੱਚੋਂ 78 ਮਰਦ ਪ੍ਰੋਸਟੇਟ ਕੈਂਸਰ ਦਾ ਪ੍ਰੋਸਟੇਟ ਤੋਂ ਬਾਹਰਵਾਰ ਫੈਲਣ ਤੋਂ ਪਹਿਲਾਂ ਹੀ ਇਸਦਾ ਪਤਾ ਲਗਾ ਲੈਂਦੇ ਹਨ।

## ਪ੍ਰੋਸਟੇਟ ਕੈਂਸਰ ਦੀ ਜਾਂਚ

ਪ੍ਰੋਸਟੇਟ ਕੈਂਸਰ ਦੇ ਮੁਲਾਂਕਣ ਲਈ, ਤੁਹਾਡਾ ਡਾਕਟਰ ਇੱਕ ਸੰਭਾਵਿਤ ਪ੍ਰੋਸਟੇਟ-ਸਪੈਸੇਫਿਕ ਐਂਟੀਜੇਨ(ਪੀ.ਐੱਸ.ਏ.) ਟੈੱਸਟ(ਸਧਾਰਨ ਖੂਨ ਜਾਂਚ), ਇੱਕ ਮੈਡੀਕਲ ਪਿਛੋਕੜ ਅਤੇ ਇੱਕ ਡਿਜੀਟਲ ਰੈਕਟਲ ਐਗਜ਼ਾਮ(ਡੀ.ਆਰ.ਈ.) ਕਰੇਗਾ। ਜੇਕਰ ਨਤੀਜੇ ਮੰਗ ਕਰਦੇ ਹੋਣ ਤਾਂ, ਤੁਹਾਡਾ ਡਾਕਟਰ ਤੁਹਾਡੇ ਪ੍ਰੋਸਟੇਟ ਦਾ ਇੱਕ ਪ੍ਰੋਸਟੇਟ ਅਲਟਰਸਾਊਂਡ ਅਤੇ ਬਾਇਓਪਸੀ ਕਰੇਗਾ। ਬਾਇਓਪਸੀ ਲਈ, ਤੁਹਾਡਾ ਡਾਕਟਰ ਤੁਹਾਡੇ ਪ੍ਰੋਸਟੇਟ ਦਾ ਇੱਕ ਛੋਟਾ ਜਿਹਾ ਟੁਕੜਾ ਲਵੇਗਾ ਅਤੇ ਛੋਟੇ ਸੈੱਲਾਂ ਨੂੰ ਵੇਖੇਗਾ ਕਿ ਕਿਤੇ ਇਸ ਵਿੱਚ ਕੈਂਸਰ ਹੈ। ਤੁਹਾਡਾ ਡਾਕਟਰ ਤੁਹਾਡੇ ਪ੍ਰੋਸਟੇਟ ਮੁਲਾਂਕਣ ਦੇ ਇੱਕ ਭਾਗ ਵਜੋਂ ਇੱਕ ਮੈਗਨੈਟਿਕ ਰੈਜ਼ੋਨਾਂਸ ਇਮੇਜਿੰਗ (ਐੱਮ.ਆਰ.ਆਈ.) (ਜਿਸਨੂੰ ਮਲਟੀਪੈਰਾਮੀਟਰਿਕ ਵੀ ਕਿਹਾ ਜਾਂਦਾ ਹੈ) ਦਾ ਹੁਕਮ ਵੀ ਦੇ ਸਕਦਾ ਹੈ।

ਪ੍ਰੋਸਟੇਟ ਕੈਂਸਰ ਲਈ ਜਾਂਚ ਕਈ ਸਾਲਾਂ ਵਿੱਚ ਇੱਕ ਲੰਬਾ ਸਫਰ ਤੈਅ ਕਰ ਚੁੱਕੀ ਹੈ। ਤੁਹਾਡਾ ਡਾਕਟਰ ਕੈਂਸਰ ਸੈੱਲਾਂ ਦੇ ਟੈੱਸਟ ਕਰੇਗਾ ਤਾਂ ਕਿ ਸੈੱਲ ਦੇ ਡੀਐੱਨਏ ਦੇ ਅਧਾਰ ਤੇ ਇਹ ਪਤਾ ਲਗਾ ਸਕੇ ਕਿ ਤੁਹਾਡੀ ਹਾਲਤ ਦਾ ਇਲਾਜ ਕਿਵੇਂ ਕਰਨਾ ਹੈ। ਇਸਨੂੰ ਜੇਨੋਮਿਕ ਟੈੱਸਟਿੰਗ ਕਿਹਾ ਜਾਂਦਾ ਹੈ। ਤੁਸੀਂ ਜੇਨੋਮਿਕਸ ਅਤੇ ਜੈਨੇਟਿਕਸ ਬਾਰੇ ਬਹੁਤ ਕੁਝ ਸੁਣਿਆ ਹੋ ਸਕਦੈ, ਦੋਵੇਂ ਹੀ ਸ਼ਬਦ ਜੀਨਜ਼ ਅਤੇ ਸੈੱਲ ਡੀਐੱਨਏ ਬਾਰੇ ਹਨ, ਪਰ ਇਹ ਵੱਖਰੇ ਹਨ।

**ਜੇਨੋਮਿਕ ਟੈੱਸਟਿੰਗ ਤੁਹਾਡੇ ਜੀਨਜ਼ ਨੂੰ ਵੇਖਦੀ ਹੈ ਪਰ ਇਹ ਕੈਂਸਰ ਜੀਨਜ਼ ਅਤੇ ਉਹਨਾਂ ਦੇ ਵਿਹਾਰਾਂ ਨੂੰ ਵੀ ਨੇੜਿਓਂ ਵੇਖ ਸਕਦੀ ਹੈ।**

## ਜੇਨੋਮਿਕ ਟੈੱਸਟਿੰਗ ਕੀ ਹੈ?

ਸਾਡੇ ਜੀਨ ਇਸ ਬਾਰੇ ਕੁਝ ਦੱਸ ਸਕਦੇ ਹਨ ਕਿ ਸਾਨੂੰ ਕੁਝ ਖਾਸ ਬਿਮਾਰੀਆਂ ਕਿਉਂ ਹੁੰਦੀਆਂ ਹਨ। ਜੈਨੇਟਿਕ ਟੈੱਸਟਿੰਗ ਸਾਨੂੰ ਸਿਹਤ ਸਮੱਸਿਆਵਾਂ ਬਾਰੇ ਦੱਸਦੀ ਹੈ, ਜੋ ਇੱਕ ਪਰਿਵਾਰ ਵਿੱਚ ਅੱਗੇ ਹੋ ਸਕਦੀਆਂ ਹਨ। ਉਦਾਹਰਣ ਵਜੋਂ, ਜੇਕਰ ਤੁਹਾਡਾ ਕੋਈ ਪਰਿਵਾਰਕ ਮੈਂਬਰ ਜਿਵੇਂ ਕਿ ਭਰਾ ਜਾਂ ਪਿਤਾ ਹੈ ਜਿਸਨੂੰ ਪ੍ਰੋਸਟੇਟ ਕੈਂਸਰ ਹੈ, ਤਾਂ ਤੁਹਾਨੂੰ ਇਹ ਬਿਮਾਰੀ ਹੋਣ ਦੀ ਬਹੁਤ ਸੰਭਾਵਨਾ ਹੈ। ਇਹ ਰੁਝਾਨ ਕਾਓਕੇਸ਼ੀਅਨਜ਼ ਦੀ ਤੁਲਨਾ ਵਿਚ ਅਫਰੀਕੀ ਅਮਰੀਕੀਆਂ ਵਿੱਚ ਹੋਰ ਜ਼ਿਆਦਾ ਸੰਭਾਵਿਤ ਹੈ।

**ਜੇਨੋਮਿਕ ਟੈੱਸਟਿੰਗ** ਤੁਹਾਡੇ ਜੀਨਜ਼ ਨੂੰ ਵੇਖਦੀ ਹੈ ਪਰ ਇਹ ਕੈਂਸਰ ਜੀਨਜ਼ ਅਤੇ ਉਹਨਾਂ ਦੇ ਵਿਹਾਰਾਂ ਨੂੰ ਵੀ ਨੇੜਿਓਂ ਵੇਖ ਸਕਦੀ ਹੈ। ਇਹ ਸਾਨੂੰ ਇਹ ਵੇਖਣ ਵਿੱਚ ਮਦਦ ਕਰਦੀ ਹੈ ਕਿ ਇੱਕ ਸੈੱਲ ਦੇ ਅੰਦਰ ਡੀਐੱਨਏ ਅਤੇ ਜੀਨਜ਼ ਕਾਰਜ ਕਿਵੇਂ ਕਰਦੇ ਹਨ। ਡਾਕਟਰ ਕੈਂਸਰ ਸੈੱਲਾਂ ਦੀ ਇੱਕ ਬਾਇਓਪਸੀ ਕਰ ਸਕਦਾ ਹੈ ਅਤੇ ਇਹ ਦੱਸਣ ਲਈ ਵੱਖਰੇ ਜੇਨੋਮਿਕ ਟੈੱਸਟ ਵੀ ਕਰ ਸਕਦਾ ਹੈ ਕਿ ਸੈੱਲ ਕਿਵੇਂ ਵਿਕਸਿਤ ਹੋਣਗੇ(ਜਾਂ ਵਿਕਸਤ ਨਹੀਂ ਹੋਣਗੇ)। ਜੇਨੋਮਿਕਸ ਤੁਹਾਡੇ ਕੈਂਸਰ ਦੇ ਇਲਾਜ ਦਾ ਬਿਹਤਰ ਰਸਤਾ ਅਤੇ ਇਹਨਾਂ ਮਹੱਤਵਪੂਰਨ ਪ੍ਰਸ਼ਨਾਂ ਦਾ ਹੱਲ ਸੁਝਾਅ ਸਕਦੀ ਹੈ: 1.ਕੀ ਤੁਹਾਡਾ ਕੈਂਸਰ ਵਧ ਸਕਣ ਦੀ ਸੰਭਾਵਨਾ ਹੈ? 2. ਕੀ ਤੁਹਾਡਾ ਕੈਂਸਰ ਹੌਲੀ ਵਿਕਸਿਤ ਹੋਵੇਗਾ ਜਾਂ ਇਹ ਬਹੁਤ ਤੇਜ਼ੀ ਨਾਲ ਬਦਤਰ ਹੋ ਜਾਵੇਗਾ। 3. ਕੀ ਨਿਯਮਤ ਪੀ.ਐੱਸ.ਏ. ਟੈੱਸਟਾਂ ਡੀ.ਆਰ.ਈਜ਼. ਅਤੇ ਸਮਾਂ-ਅਵਧੀ ਬਾਇਓਪਸੀਜ਼(ਕਿਰਿਆਸ਼ੀਲ ਨਿਗਰਾਨੀ ਵਜੋਂ ਜਾਣੀ ਜਾਂਦੀ) ਨਾਲ ਕੈਂਸਰ ਵਿਕਾਸ ਨੂੰ ਵੇਖਣਾ ਬਿਹਤਰੀਨ ਹੈ ਜਾਂ ਇਸਦਾ ਇਲਾਜ ਕਰਨਾ?

**ਰਾਸ਼ਟਰੀ ਹੈੱਡ ਕੁਆਰਟਰ: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090**

**ਫੋਨ: 410-689-3990 • ਫੈਕਸ: 410-689-3878 • 1-800-828-7866 • info@UrologyCareFoundation.org • www.UrologyHealth.org**

UrologyCareFoundation @UrologyCareFdn @UrologyCareFdn UrologyCareFoun

# ਪ੍ਰੋਸਟੇਟ ਕੈਂਸਰ ਲਈ ਜੇਨੋਮਿਕ ਡਾਇਗਨੌਸਟਿਕ ਟੈੱਸਟਿੰਗ

Urology Care FOUNDATION™
*The Official Foundation of the American Urological Association*

## ਨੈਗੇਟਿਵ ਬਾਇਓਪਸੀ ਤੋਂ ਬਾਅਦ ਜੋਖਮ ਮੁਲਾਂਕਣ

ਜੇਕਰ ਤੁਹਾਡੀ ਪ੍ਰੋਸਟੇਟ ਬਾਇਓਪਸੀ ਹੋਈ ਹੈ ਅਤੇ ਨਤੀਜੇ "ਕੈਂਸਰ ਨਹੀਂ ਹੈ" ਵਿਖਾਉਂਦੇ ਹਨ ਪਰ ਤੁਹਾਡਾ ਡਾਕਟਰ ਹੈਰਾਨ ਹੁੰਦਾ ਹੈ ਅਤੇ ਵੇਖਣ ਦਾ ਯਤਨ ਕਰਦਾ ਹੈ ਕਿ ਕੀ ਅਜੇ ਵੀ ਖੁੰਝਿਆ ਹੋਇਆ ਜਾਂ ਭਵਿੱਖਤ ਪ੍ਰੋਸਟੇਟ ਕੈਂਸਰ ਦਾ ਖਤਰਾ ਹੈ?

| ਜੇਨੋਮਿਕ ਟੈੱਸਟ ਦਾ ਨਾਮ | ਕੀ ਟੈੱਸਟ ਕੀਤਾ ਗਿਆ? | ਟੈੱਸਟ ਕੀ ਕਰਦਾ ਹੈ? | ਇਸਨੂੰ ਕਿਉਂ ਵਰਤਿਆ ਗਿਆ? |
|---|---|---|---|
| ਕਰਨਫਰਮਐੱਮਡੀਐੱਕਸ | ਪ੍ਰੋਸਟੇਟ ਬਾਇਓਪਸੀ ਟਿਸ਼ੂਆਂ ਨੂੰ ਵਰਤਦਾ ਹੈ ਜੋ ਲਏ ਗਏ ਸਨ ਪਰ ਨੈਗੇਟਿਵ ਸਨ | ਪਿਛਲੇ ਨੈਗੇਟਿਵ ਟੈੱਸਟ ਦੀ ਪੁਸ਼ਟੀ ਕਰਦਾ ਹੈ ਜਾਂ ਇਹ ਲੱਭਦਾ ਹੈ ਕਿ ਕੀ ਪ੍ਰੋਸਟੇਟ ਸੈੱਲ ਕੈਂਸਰ ਵਿੱਚ ਬਦਲ ਜਾਣਗੇ | ਬਾਇਓਪਸੀਆਂ ਦੇ ਦੁਹਰਾਓ ਤੋਂ ਬਚਣ ਵਿੱਚ ਮਦਦ ਕਰਦਾ ਹੈ |
| ਪ੍ਰੋਜੇਨਸਾ | ਪ੍ਰੋਸਟੇਟ ਬਾਇਓਪਸੀ ਟਿਸ਼ੂਆਂ ਨੂੰ ਵਰਤਦਾ ਹੈ ਜੋ ਲਏ ਗਏ ਸਨ ਪਰ ਨੈਗੇਟਿਵ ਸਨ | ਪਿਛਲੇ ਨੈਗੇਟਿਵ ਟੈੱਸਟ ਦੀ ਪੁਸ਼ਟੀ ਕਰਦਾ ਹੈ ਜਾਂ ਇਹ ਲੱਭਦਾ ਹੈ ਕਿ ਕੀ ਪ੍ਰੋਸਟੇਟ ਸੈੱਲ ਕੈਂਸਰ ਵਿੱਚ ਬਦਲ ਜਾਣਗੇ | ਬਾਇਓਪਸੀਆਂ ਦੇ ਦੁਹਰਾਓ ਤੋਂ ਬਚਣ ਵਿੱਚ ਮਦਦ ਕਰਦਾ ਹੈ |

## ਪੌਜ਼ੇਟਿਵ ਬਾਇਓਪਸੀ ਤੋਂ ਬਾਅਦ ਜੋਖਮ ਮੁਲਾਂਕਣ

ਜੇਕਰ ਤੁਹਾਡੀ ਪ੍ਰੋਸਟੇਟ ਬਾਇਓਪਸੀ ਹੋਈ ਹੈ ਅਤੇ ਨਤੀਜੇ "ਕੈਂਸਰ ਮੌਜੂਦ ਹੈ" ਵਿਖਾਉਂਦੇ ਹਨ ਪਰ ਤੁਹਾਡਾ ਡਾਕਟਰ ਹੈਰਾਨ ਹੁੰਦਾ ਹੈ ਅਤੇ ਵੇਖਣ ਦਾ ਯਤਨ ਕਰਦਾ ਹੈ ਕਿ ਕੀ ਇਹ ਪ੍ਰੋਸਟੇਟ ਕੈਂਸਰ ਦੀ ਗੰਭੀਰ ਕਿਸਮ ਹੈ ਜਾਂ ਅਜਿਹੀ ਕਿਸਮ ਹੈ ਜਿਸਦੀ ਸੁਰੱਖਿਅਤ ਢੰਗ ਨਾਲ ਨਿਗਰਾਨੀ(ਮੁਲਤਵੀ ਇਲਾਜ ਜਾਂ ਕਿਰਿਆਸ਼ੀਲ ਨਿਗਰਾਨੀ) ਹੋ ਸਕਦੀ ਹੈ?

| ਜੇਨੋਮਿਕ ਟੈੱਸਟ ਦਾ ਨਾਮ | ਕੀ ਟੈੱਸਟ ਕੀਤਾ ਗਿਆ? | ਟੈੱਸਟ ਕੀ ਕਰਦਾ ਹੈ? | ਇਸਨੂੰ ਕਿਉਂ ਵਰਤਿਆ ਗਿਆ? |
|---|---|---|---|
| ਪ੍ਰੋਲੈਰਿਸ | ਪ੍ਰੋਸਟੇਟ ਬਾਇਓਪਸੀ ਟਿਸ਼ੂਆਂ ਨੂੰ ਵਰਤਦਾ ਹੈ ਜੋ ਲਏ ਗਏ ਸਨ ਅਤੇ ਕੈਂਸਰ ਵਿਖਾਉਂਦੇ ਸਨ | ਦੱਸਦਾ ਹੈ ਕਿ ਕੈਂਸਰ ਕਿੰਨੀ ਜਲਦੀ ਵੱਧ ਸਕਦਾ ਹੈ ਜਾਂ ਤੁਹਾਡੇ ਸਰੀਰ ਦੇ ਦੂਜੇ ਅੰਗਾਂ ਵੱਲ ਜਾ ਸਕਦਾ ਹੈ (ਮੈਟਾਸਟੈਸਿਸ) | ਕਿਰਿਆਸ਼ੀਲ ਨਿਗਰਾਨੀ ਜਾਂ ਇਲਾਜ ਵਿਕਲਪਾਂ ਜਿਵੇਂ ਕਿ ਕਨਸੌਲੀਡੇਟਿਡ ਰੇਡੀਏਸ਼ਨ ਆਦਿ ਬਾਰੇ ਫੈਸਲਾ ਕਰਨ ਵਿੱਚ ਮਦਦ ਕਰ ਸਕਦਾ ਹੈ |
| ਓਨਕੋਟਾਈਪ ਡੀਐੱਕਸ | ਪ੍ਰੋਸਟੇਟ ਬਾਇਓਪਸੀ ਟਿਸ਼ੂਆਂ ਨੂੰ ਵਰਤਦਾ ਹੈ ਜੋ ਲਏ ਗਏ ਸਨ ਅਤੇ ਕੈਂਸਰ ਵਿਖਾਉਂਦੇ ਸਨ | ਦੱਸਦਾ ਹੈ ਕਿ ਕੈਂਸਰ ਕਿੰਨੀ ਜਲਦੀ ਵੱਧ ਸਕਦਾ ਹੈ ਜਾਂ ਤੁਹਾਡੇ ਸਰੀਰ ਦੇ ਦੂਜੇ ਅੰਗਾਂ ਵੱਲ ਜਾ ਸਕਦਾ ਹੈ (ਮੈਟਾਸਟੈਸਿਸ) | ਕਿਰਿਆਸ਼ੀਲ ਨਿਗਰਾਨੀ ਜਾਂ ਇਲਾਜ ਵਿਕਲਪਾਂ ਜਿਵੇਂ ਕਿ ਕਨਸੌਲੀਡੇਟਿਡ ਰੇਡੀਏਸ਼ਨ ਆਦਿ ਬਾਰੇ ਫੈਸਲਾ ਕਰਨ ਵਿੱਚ ਮਦਦ ਕਰ ਸਕਦਾ ਹੈ |
| ਪ੍ਰੋਸਟਾ ਵਾਈਜ਼ਨ | ਪ੍ਰੋਸਟੇਟ ਬਾਇਓਪਸੀ ਟਿਸ਼ੂਆਂ ਨੂੰ ਵਰਤਦਾ ਹੈ ਜੋ ਲਏ ਗਏ ਸਨ ਅਤੇ ਕੈਂਸਰ ਵਿਖਾਉਂਦੇ ਸਨ | ਦੱਸਦਾ ਹੈ ਕਿ ਕੈਂਸਰ ਕਿੰਨੀ ਜਲਦੀ ਵੱਧ ਸਕਦਾ ਹੈ ਜਾਂ ਤੁਹਾਡੇ ਸਰੀਰ ਦੇ ਦੂਜੇ ਅੰਗਾਂ ਵੱਲ ਜਾ ਸਕਦਾ ਹੈ (ਮੈਟਾਸਟੈਸਿਸ) | ਕਿਰਿਆਸ਼ੀਲ ਨਿਗਰਾਨੀ ਜਾਂ ਇਲਾਜ ਵਿਕਲਪਾਂ ਬਾਰੇ ਫੈਸਲਾ ਕਰਨ ਵਿੱਚ ਮਦਦ ਕਰ ਸਕਦਾ ਹੈ |

**ਰਾਸ਼ਟਰੀ ਹੈੱਡ ਕੁਆਰਟਰ: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090**

**ਫੋਨ: 410-689-3990 • ਫੈਕਸ: 410-689-3878 • 1-800-828-7866 • info@UrologyCareFoundation.org • www.UrologyHealth.org**

UrologyCareFoundation @UrologyCareFdn @UrologyCareFdn UrologyCareFoun

# ਪ੍ਰੋਸਟੇਟ ਕੈਂਸਰ ਲਈ ਜੇਨੋਮਿਕ ਡਾਇਗਨੋਸਟਿਕ ਟੈੱਸਟਿੰਗ

Urology Care FOUNDATION™
*The Official Foundation of the American Urological Association*

**ਰੈਡੀਕਲ ਪ੍ਰੋਸਟੇਟੈਕਟੋਮੀ ਤੋਂ ਬਾਅਦ ਜੋਖਮ ਮੁਲਾਂਕਣ**
ਜੇਕਰ ਤੁਹਾਡਾ ਪ੍ਰੋਸਟੇਟ ਕੈਂਸਰ ਕੱਢਿਆ ਗਿਆ(ਰੈਡੀਕਲ ਪ੍ਰੋਸਟੇਟੈਕਟੋਮੀ) ਹੈ ਅਤੇ ਇਹ ਫੈਸਲਾ ਕਰਨ ਦੀ ਕੋਸ਼ਿਸ਼ ਹੋ ਰਹੀ ਹੈ ਕਿ ਕੀ ਇਲਾਜ ਵਧਾਉਣ ਦੀ ਲੋੜ ਹੈ ਕਿਉਂਕਿ ਕੈਂਸਰ ਪ੍ਰੋਸਟੇਟ ਦੇ ਕਿਨਾਰੇ(ਹਾਸ਼ੀਏ) ਦੇ ਬਹੁਤ ਨੇੜੇ ਸੀ? ਰੇਡੀਏਸ਼ਨ ਜਾਂ ਹਾਰਮੋਨਲ ਥੈਰੇਪੀ ਨੂੰ ਸਰਜਰੀ ਤੋਂ ਬਾਅਦ ਫਾਲੋ-ਅਪ ਇਲਾਜ ਵਜੋਂ ਵਰਤਿਆ ਜਾ ਸਕਦਾ ਹੈ।

| ਜੇਨੋਮਿਕ ਟੈੱਸਟ ਦਾ ਨਾਮ | ਕੀ ਟੈੱਸਟ ਕੀਤਾ ਗਿਆ? | ਟੈੱਸਟ ਕੀ ਕਰਦਾ ਹੈ? | ਇਸਨੂੰ ਕਿਉਂ ਵਰਤਿਆ ਗਿਆ? |
|---|---|---|---|
| ਪ੍ਰੋਲੈਰਿਸ | ਪ੍ਰੋਸਟੇਟ ਟਿਸ਼ੂਆਂ ਨੂੰ ਵਰਤਦਾ ਹੈ ਜਿਸਨੂੰ ਸਰਜਰੀ ਦੇ ਸਮੇਂ ਕੱਢਿਆ ਗਿਆ ਸੀ | ਦੱਸਦਾ ਹੈ ਕਿ ਕੈਂਸਰ ਕਿੰਨੀ ਜਲਦੀ ਵੱਧ ਸਕਦਾ ਹੈ ਜਾਂ ਤੁਹਾਡੇ ਸਰੀਰ ਦੇ ਦੂਜੇ ਅੰਗਾਂ ਵੱਲ ਜਾ ਸਕਦਾ ਹੈ (ਮੈਟਾਸਟੈਸਿਸ) | ਦੱਸਦਾ ਹੈ ਕਿ ਸਰਜਰੀ ਕਰਨ ਤੋਂ ਬਾਅਦ ਕੈਂਸਰ ਕਿੰਨੀ ਕੁ ਜਲਦੀ ਦੁਬਾਰਾ ਹੋ ਸਕਦਾ ਹੈ ਜਾਂ ਤੁਹਾਡੇ ਸਰੀਰ ਦੇ ਦੂਜੇ ਭਾਗਾਂ ਵੱਲ ਵੱਧ ਸਕਦਾ ਹੈ ਅਤੇ ਇਹ ਅਗਲੇਰੇ ਇਲਾਜ ਵਿਕਲਪਾਂ ਬਾਰੇ ਫੈਸਲਾ ਕਰਨ ਵਿੱਚ ਮਦਦ ਕਰ ਸਕਦਾ ਹੈ |
| ਡੈਸੀਫਰ | ਪ੍ਰੋਸਟੇਟ ਟਿਸ਼ੂਆਂ ਨੂੰ ਵਰਤਦਾ ਹੈ ਜਿਸਨੂੰ ਸਰਜਰੀ ਦੇ ਸਮੇਂ ਕੱਢਿਆ ਗਿਆ ਸੀ | ਦੱਸਦਾ ਹੈ ਕਿ ਕੈਂਸਰ ਕਿੰਨੀ ਜਲਦੀ ਵੱਧ ਸਕਦਾ ਹੈ ਜਾਂ ਤੁਹਾਡੇ ਸਰੀਰ ਦੇ ਦੂਜੇ ਅੰਗਾਂ ਵੱਲ ਜਾ ਸਕਦਾ ਹੈ (ਮੈਟਾਸਟੈਸਿਸ) | ਦੱਸਦਾ ਹੈ ਕਿ ਸਰਜਰੀ ਕਰਨ ਤੋਂ ਬਾਅਦ ਕੈਂਸਰ ਕਿੰਨੀ ਕੁ ਜਲਦੀ ਦੁਬਾਰਾ ਹੋ ਸਕਦਾ ਹੈ ਜਾਂ ਤੁਹਾਡੇ ਸਰੀਰ ਦੇ ਦੂਜੇ ਭਾਗਾਂ ਵੱਲ ਵੱਧ ਸਕਦਾ ਹੈ ਅਤੇ ਇਹ ਅਗਲੇਰੇ ਇਲਾਜ ਵਿਕਲਪਾਂ ਬਾਰੇ ਫੈਸਲਾ ਕਰਨ ਵਿੱਚ ਮਦਦ ਕਰ ਸਕਦਾ ਹੈ |
| ਪੋਰਟੋਜ਼ | ਪ੍ਰੋਸਟੇਟ ਟਿਸ਼ੂਆਂ ਨੂੰ ਵਰਤਦਾ ਹੈ ਜਿਸਨੂੰ ਸਰਜਰੀ ਦੇ ਸਮੇਂ ਕੱਢਿਆ ਗਿਆ ਸੀ | ਸੁਝਾਅ ਦਿੰਦਾ ਹੈ ਕਿ ਤੁਸੀਂ ਵਧਾਈ ਗਈ ਰੇਡੀਏਸ਼ਨ ਨੂੰ ਕਿਵੇਂ ਹੁੰਗਾਰਾ ਦੇ ਸਕਦੇ ਹੋ ਅਤੇ ਤੁਹਾਡੇ ਸਰੀਰ ਦੇ ਦੂਜੇ ਅੰਗਾਂ ਵੱਲ ਇਸਦੇ ਸੰਭਾਵਿਤ ਫੈਲਾਅ ਨੂੰ ਵੇਖਦਾ ਹੈ (ਮੈਟਾਸਟੈਸਿਸ) | ਇਹ ਫੈਸਲਾ ਕਰਨ ਵਿੱਚ ਮਦਦ ਕਰਦਾ ਹੈ ਕਿ ਕੀ ਰੇਡੀਏਸ਼ਨ ਥੈਰੇਪੀ ਤੁਹਾਡੇ ਲਈ ਇੱਕ ਚੰਗਾ ਵਿਕਲਪ ਹੈ |

## ਮੇਰੇ ਇਲਾਜਾਂ ਲਈ ਸੂਚਿਤ ਚੋਣਾਂ ਕਰਨਾ

ਪ੍ਰੋਸਟੇਟ ਕੈਂਸਰ ਲਈ ਇਲਾਜ ਦੇ ਪਾਸੜ ਪ੍ਰਭਾਵ ਜਿਵੇਂ ਕਿ ਇਰੈਕਟਾਈਲ ਡਿਸਫੰਕਸ਼ਨ(ਈ.ਡੀ.) ਅਤੇ ਤੁਹਾਡੇ ਪਿਸ਼ਾਬ ਅਤੇ ਮਲਤਿਆਗ ਪ੍ਰਣਾਲੀਆਂ ਨੂੰ ਨੁਕਸਾਨ ਆਦਿ ਹੋ ਸਕਦੇ ਹਨ। ਜੇਨੋਮਿਕ ਟੈੱਸਟ ਇਲਾਜ ਦੇ ਜੋਖਮਾਂ ਬਨਾਮ ਨੇੜਿਓਂ ਨਿਗਰਾਨੀ(ਕਿਰਿਆਸ਼ੀਲ ਨਿਗਰਾਨੀ) ਦੇ ਸੰਤੁਲਨ ਵਿੱਚ ਮਦਦ ਕਰ ਸਕਦੇ ਹਨ।

ਪ੍ਰੋਸਟੇਟ ਕੈਂਸਰ ਅਤੇ ਇਸਦੇ ਜੋਖਮਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਅਨੇਕਾਂ ਕਿਸਮਾਂ ਦੇ ਜੇਨੋਮਿਕ ਟੈੱਸਟ ਹਨ। ਕਿਹੜਾ ਟੈੱਸਟ ਵਰਤਣਾ ਹੈ, ਤੁਹਾਡੇ ਅਤੇ ਤੁਹਾਡੇ ਡਾਕਟਰ ਵਿਚਕਾਰ ਤੁਹਾਡੀ ਵਿਸ਼ੇਸ਼ ਸਥਿਤੀ ਬਾਰੇ ਹੋਏ ਪ੍ਰਸ਼ਨਾਂ ਤੇ ਨਿਰਭਰ ਕਰਦਾ ਹੈ। ਹੁਣ ਉਪਲੱਬਧ ਕੁਝ ਜੇਨੋਮਿਕ ਟੈੱਸਟਾਂ ਦੀ ਸੂਚੀ ਅਤੇ ਇੱਕ ਪ੍ਰਸ਼ਨ ਜਿਸਦਾ ਉੱਤਰ ਤੁਸੀਂ ਅਤੇ ਤੁਹਾਡਾ ਡਾਕਟਰ ਲੱਭਣ ਦਾ ਯਤਨ ਕਰ ਰਹੇ ਹੋ, ਦਾ ਉੱਤਰ ਦੇਣ ਲਈ ਉਹਨਾਂ ਨੂੰ ਕਿਵੇਂ ਵਰਤਿਆ ਜਾਂਦਾ ਹੈ ਇਸ ਪ੍ਰਕਾਰ ਹੈ:

## ਜੇਨੋਮਿਕ ਟੈੱਸਟਿੰਗ ਬਾਰੇ ਪੁੱਛੇ ਜਾਂਦੇ ਹੋਰ ਪ੍ਰਸ਼ਨ

### ਜੇਨੋਮਿਕਸ ਟੈੱਸਟ ਮੇਰੀ ਮਦਦ ਕਿਵੇਂ ਕਰ ਸਕਦੇ ਹਨ?

ਜੇਨੋਮਿਕਸ ਤੁਹਾਡੀ ਸਥਿਤੀ ਨੂੰ ਬਿਹਤਰ ਢੰਗ ਨਾਲ ਜੋਖਮ ਸੁਰੱਖਿਅਤ ਕਰ ਸਕਦਾ ਹੈ ਅਤੇ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਮਹੱਤਵਪੂਰਨ ਕਲੀਨੀਕਲ ਚੋਣਾਂ ਜਿਵੇਂ ਕਿ ਕੀ ਦੁਬਾਰਾ-ਬਾਇਓਪਸੀ ਕੀਤੀ ਜਾਵੇ, ਕੀ ਇਲਾਜ ਨਾਲ ਅੱਗੇ ਵਧਿਆ ਜਾਵੇ, ਜਾਂ ਕੀ ਪ੍ਰੋਸਟੇਟ ਨੂੰ ਕੱਢਣ ਤੋਂ ਬਾਅਦ ਹੋਰ ਰੇਡੀਏਸ਼ਨ ਇਲਾਜ ਕੀਤਾ ਜਾਵੇ ਆਦਿ ਕਰਨ ਵਿੱਚ ਮਦਦ ਕਰ ਸਕਦਾ ਹੈ।

### ਮੈਨੂੰ ਆਪਣੇ ਟਿਊਮਰ ਦੀ ਬਾਇਓਪਸੀ ਕਰਨ ਦੀ ਕੀ ਜ਼ਰੂਰਤ ਹੈ?

ਤੁਹਾਡਾ ਡਾਕਟਰ ਤੁਹਾਡੇ ਟਿਊਮਰ ਦੀ ਬਾਇਓਪਸੀ ਪ੍ਰਯੋਗਸ਼ਾਲਾ ਵਿੱਚ ਇੱਕ ਸੂਖਮਦਰਸ਼ੀ ਹੇਠਾਂ ਸੈੱਲਾਂ ਨੂੰ ਵੇਖਣ ਲਈ ਕਰੇਗਾ। ਟਿਸ਼ੂ ਦੀ ਬਾਇਓਪਸੀ ਇਹ ਵੇਖਣ ਵਿੱਚ ਮਦਦ ਕਰੇਗੀ ਕਿ ਕੀ ਟਿਊਮਰ ਮਾਮੂਲੀ ਹੈ ਜਾਂ ਕੈਂਸਰਯੁਕਤ। ਬਹੁਤੀ ਵਾਰ ਜੇਨੋਮਿਕਸ ਟੈੱਸਟ ਬਾਇਓਪਸੀ ਟਿਸ਼ੂ ਨੂੰ ਵਰਤਦਾ ਹੈ। ਅਕਸਰ ਬਹੁਤੀ ਵਾਰ ਇੱਕ ਬਾਇਓਪਸੀ ਇਲਾਜ ਬਾਰੇ ਚੋਣਾਂ ਕਰਨ ਵਿੱਚ ਮਦਦ ਕਰਦੀ ਹੈ।

©2018 Urology Care Foundation

**ਰਾਸ਼ਟਰੀ ਹੈੱਡ ਕੁਆਰਟਰ: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090**
**ਫੋਨ: 410-689-3990 • ਫੈਕਸ: 410-689-3878 • 1-800-828-7866 • info@UrologyCareFoundation.org • www.UrologyHealth.org**
UrologyCareFoundation @UrologyCareFdn @UrologyCareFdn UrologyCareFoun

# ਪ੍ਰੋਸਟੇਟ ਕੈਂਸਰ ਲਈ ਜੇਨੋਮਿਕ ਡਾਇਗਨੌਸਟਿਕ ਟੈੱਸਟਿੰਗ

Urology Care FOUNDATION™
*The Official Foundation of the American Urological Association*

**ਯੂਰੋਲੌਜੀ ਕੇਅਰ ਫਾਊਂਡੇਸ਼ਨ ਬਾਰੇ**

ਯੂਰੋਲੌਜੀ ਕੇਅਰ ਫਾਊਂਡੇਸ਼ਨ ਦੁਨੀਆਂ ਦੀ ਉੱਘੀ ਯੂਰੋਲੌਜਿਕ ਸੰਸਥਾ ਹੈ- ਅਤੇ ਅਮਰੀਕੀ ਯੂਰੋਲੋਜੀਕਲ ਐਸੋਸੀਏਸ਼ਨ ਦੀ ਅਧਿਕਾਰਕ ਸੰਸਥਾ ਹੈ। ਅਸੀਂ ਯੂਰੋਲੌਜੀਕਲ ਸਿਹਤ ਦਾ ਸਰਗਰਮੀ ਨਾਲ ਪ੍ਰਬੰਧਨ ਅਤੇ ਸਿਹਤ ਤਬਦੀਲੀਆਂ ਕਰਨ ਲਈ ਤਿਆਰ ਲੋਕਾਂ ਨੂੰ ਜਾਣਕਾਰੀ ਦਿੰਦੇ ਹਾਂ। ਸਾਡੀ ਜਾਣਕਾਰੀ ਅਮਰੀਕੀ ਯੂਰੋਲੌਜੀਕਲ ਐਸੋਸੀਏਸ਼ਨ ਦੇ ਸਰੋਤਾਂ ਤੇ ਨਿਰਭਰ ਹੈ ਅਤੇ ਇਸਦੀ ਸਿਹਤ ਮਾਹਿਰਾਂ ਵੱਲੋਂ ਸਮੀਖਿਆ ਕੀਤੀ ਜਾਂਦੀ ਹੈ।

ਹੋਰ ਜਾਨਣ ਲਈ, ਯੂਰੋਲੌਜੀ ਕੇਅਰ ਫਾਊਂਡੇਸ਼ਨ ਦੀ ਵੈੱਬਸਾਈਟ **UrologyHealth.org/UrologicConditions** ਤੇ ਜਾਓ ਜਾਂ ਫਿਰ ਆਪਣੇ ਨੇੜੇ ਇੱਕ ਡਾਕਟਰ ਲੱਭਣ ਲਈ **UrologyHealth.org/FindAUrologist** ਤੇ ਜਾਓ।

**ਬੇਦਾਵਾ:**

ਇਹ ਜਾਣਕਾਰੀ ਸਵੈ ਰੋਗਨਿਦਾਨ ਲਈ ਇੱਕ ਸੰਦ ਜਾਂ ਇੱਕ ਮਾਹਿਰ ਮੈਡੀਕਲ ਮਸ਼ਵਰੇ ਦਾ ਬਦਲ ਨਹੀਂ ਹੈ। ਇਹ ਇਸ ਉਦੇਸ਼ ਲਈ ਵਰਤਣ ਜਾਂ ਸਿਹਤ ਯਕੀਨ ਕਰਨ ਲਈ ਨਹੀਂ ਹੈ। ਕਿਰਪਾ ਕਰਕੇ ਆਪਣੀਆਂ ਸਿਹਤ ਸਮੱਸਿਆਂਵਾਂ ਬਾਰੇ ਆਪਣੇ ਯੂਰੋਲੌਜਿਸਟ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। ਕਿਸੇ ਵੀ ਇਲਾਜ ਸਮੇਤ ਦਵਾਈਆਂ ਨੂੰ ਸ਼ੁਰੂ ਜਾਂ ਬੰਦ ਕਰਨ ਤੋਂ ਪਹਿਲਾਂ ਹਮੇਸ਼ਾਂ ਇੱਕ ਸਿਹਤ ਸੰਭਾਲ ਪ੍ਰਦਾਤਾ ਨਾਲ ਮਸ਼ਵਰਾ ਕਰੋ।

ਪ੍ਰੋਸਟੇਟ ਕੈਂਸਰ ਅਤੇ ਹੋਰਨਾਂ ਯੂਰੋਲੌਜੀਕਲ ਹਾਲਤਾਂ ਲਈ ਛਪੀ ਹੋਈ ਸਮੱਗਰੀ ਦੀਆਂ ਪ੍ਰਤੀਆਂ ਲਈ **UrologyHealth.org/Order** ਤੇ ਜਾਓ ਜਾਂ 800-828-7866 ਤੇ ਕਾਲ ਕਰੋ

**ਸੰਪਰਕ ਕਰੋ:**

ਯੂਰੋਲੌਜੀ ਕੇਅਰ ਫਾਊਂਡੇਸ਼ਨ™
1000 ਕਾਰਪੋਰੇਟ ਬੁਲੇਵਾਰਡ,

ਲਿਨਥੀਕਮ, ਐੱਮ.ਡੀ. 21090
1-800-828-7866

**UrologyHealth.org**

ਸਰੋਤ ਜੇਨੋਮਿਕ ਹੈਲਥ ਦੀ ਸਹਾਇਤਾ ਰਾਹੀਂ ਸੰਭਵ ਹੋਇਆ



©2017 Urology Care Foundation. All Rights Reserved.
ProstateCancer-GenomicTesting-FS-2017-Punjabi